BCHealthFiles

Punjabi - Number 15b
September 2007

# ਡਿਫਥੇਰੀਆ, ਟੈਟਨਸ, ਪ੍ਰਟੂਸਿਸ, ਪੋਲੀਓ, *ਹਾਇਮੋਫਿਲਸ ਇਨਫਲੂਐਂਜ਼ਈ* ਟਾਈਪ ਬੀ (DTaP-IPV-Hib) ਵੈਕਸੀਨ

## Diphtheria, Tetanus, Pertussis, Polio, *Haemophilus influenzae* Type b (DTaP-IPV-Hib) Vaccine

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।**
**ਸਾਰੇ ਟੀਕੇ ਸਮੇਂ ਸਿਰ ਲਵਾਉ।**

ਸਾਰੇ ਟੀਕੇ ਸਮੇਂ ਸਿਰ ਲਵਾਉਣ ਨਾਲ ਤੁਹਾਡੇ ਬੱਚੇ ਦਾ ਉਮਰ ਭਰ ਲਈ ਕਈ ਬੀਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ।

ਇਮਿਊਨਾਇਜ਼ੇਸ਼ਨ ਨੇ ਪਿਛਲੇ 50 ਸਾਲਾਂ ਵਿਚ ਕੈਨੇਡਾ ਵਿਚ ਸਿਹਤ ਦੇ ਕਿਸੇ ਵੀ ਹੋਰ ਉਪਾਅ ਨਾਲੋਂ ਵਧੇਰੇ ਜਾਨਾਂ ਬਚਾਈਆਂ ਹਨ।

### DTaP-IPV-Hib ਵੈਕਸੀਨ ਕੀ ਹੈ?

The DTaP-IPV-Hib ਵੈਕਸੀਨ ਪੰਜ ਬੀਮਾਰੀਆਂ ਤੋਂ ਬਚਾਅ ਕਰਦਾ ਹੈ:

- ਗਲ਼ਘੋਟੂ ਰੋਗ (ਡਿਫਥੇਰੀਆ)
- ਟੈਟਨਸ
- ਪ੍ਰਟੂਸਿਸ (ਜਾਂ ਕਾਲੀ ਖਾਂਸੀ)
- ਪੋਲੀਓ
- *ਹਾਇਮੋਫਿਲਸ ਇਨਫਲੂਐਂਜ਼ਈ* ਟਾਈਪ ਬੀ

ਵੈਕਸੀਨ ਹੈਲਥ ਕੈਨੇਡਾ ਵੱਲੋਂ ਪ੍ਰਵਾਣਿਤ ਹੈ ਅਤੇ ਤੁਹਾਡੇ ਬੱਚੇ ਦੀ ਬਾਕਾਇਦਾ ਇਮਿਊਨਾਇਜ਼ੇਸ਼ਨ ਦੇ ਹਿੱਸੇ ਵਜੋਂ ਮੁਫਤ ਮੁਹੱਈਆ ਕੀਤਾ ਜਾਂਦਾ ਹੈ। ਐਪੁਆਇੰਟਮੈਂਟ ਬਣਾਉਣ ਵਾਸਤੇ ਆਪਣੇ ਸਥਾਨਕ ਪਬਲਿਕ ਹੈਲਥ ਨਰਸ ਜਾਂ ਡਾਕਟਰ ਨੂੰ ਫੋਨ ਕਰੋ।

### DTaP-IPV-Hib ਵੈਕਸੀਨ ਕਿਸ ਨੂੰ ਲਵਾਉਣਾ ਚਾਹੀਦਾ ਹੈ?

2 ਅਤੇ 59 ਮਹੀਨਿਆਂ ਦੇ ਦਰਮਿਆਨ ਦੀ ਉਮਰ (5 ਸਾਲਾਂ ਤੋਂ ਘੱਟ) ਦੇ ਬੱਚਿਆਂ ਨੂੰ ਵੈਕਸੀਨ ਲਵਾਉਣਾ ਚਾਹੀਦਾ ਹੈ।

| DTaP-IPV-Hib ਵੈਕਸੀਨ | ਵੈਕਸੀਨੇਸ਼ਨ ਵੇਲੇ ਬੱਚੇ ਦੀ ਉਮਰ |
|---|---|
| ਪਹਿਲੀ ਖੁਰਾਕ | 2 ਮਹੀਨੇ |
| ਦੂਜੀ ਖੁਰਾਕ | 4 ਮਹੀਨੇ |
| ਤੀਜੀ ਖੁਰਾਕ | 6 ਮਹੀਨੇ |
| ਚੌਥੀ ਖੁਰਾਕ | 18 ਮਹੀਨੇ |

ਛੋਟੇ ਬਾਲਾਂ ਲਈ ਵੈਕਸੀਨ ਚਾਰ ਖੁਰਾਕਾਂ ਜਾਂ ਟੀਕਿਆਂ ਦੀ ਇਕ ਲੜੀ ਵਜੋਂ ਲਾਇਆ ਜਾਂਦਾ ਹੈ। ਪਹਿਲੀ ਖੁਰਾਕ 2 ਮਹੀਨਿਆਂ ਦੀ ਉਮਰ ‘ਤੇ, ਦੂਜੀ 4 ਮਹੀਨਿਆਂ ਦੀ ਉਮਰ ‘ਤੇ, ਤੀਜੀ 6 ਮਹੀਨਿਆਂ ਦੀ ਉਮਰ ‘ਤੇ ਅਤੇ ਚੌਥੀ 18 ਮਹੀਨਿਆਂ ਦੀ ਉਮਰ ‘ਤੇ ਦਿੱਤੀ ਜਾਂਦੀ ਹੈ।

ਲਈਆਂ ਗਈਆਂ ਸਾਰੀਆਂ ਇਮਿਊਨਾਇਜ਼ੇਸ਼ਨਾਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

### DTaP-IPV-Hib ਵੈਕਸੀਨ ਦੇ ਫਾਇਦੇ

DTaP-IPV-Hib ਵੈਕਸੀਨ ਤੁਹਾਡੇ ਬੱਚੇ ਦੇ ਡਿਫਥੇਰੀਆ, ਟੈਟਨਸ, ਪ੍ਰਟੂਸਿਸ, ਪੋਲੀਓ ਅਤੇ *ਹਾਈਮੋਫਿਲਸ ਇਨਫਲੂਐਂਜ਼ਈ* ਟਾਈਪ ਬੀ ਬੀਮਾਰੀਆਂ ਤੋਂ ਬਚਾਅ ਦਾ ਸਭ ਤੋਂ ਉੱਤਮ ਤਰੀਕਾ ਹੈ, ਜਿਹੜੀਆਂ ਗੰਭੀਰ ਹਨ ਅਤੇ ਕਦੀ ਕਦੀ ਜਾਨਲੇਵਾ ਬੀਮਾਰੀਆਂ ਵੀ ਹੋ ਸਕਦੀਆਂ ਹਨ।

ਜਦੋਂ ਤੁਸੀਂ ਆਪਣੇ ਬੱਚੇ ਨੂੰ ਵੈਕਸੀਨ ਲਵਾ ਲੈਂਦੇ ਹੋ ਤਾਂ ਤੁਸੀਂ ਨਾਲ ਹੀ ਦੂਜਿਆਂ ਦੇ ਬਚਾਅ ਵਿਚ ਮਦਦ ਕਰਦੇ ਹੋ।

### ਵੈਕਸੀਨ ਤੋਂ ਮਗਰੋਂ ਦੇ ਸੰਭਵ ਰੀਐਕਸ਼ਨ

ਵੈਕਸੀਨ ਬਹੁਤ ਸੁਰੱਖਿਅਤ ਹਨ। ਇਨ੍ਹਾਂ ਬਿਮਾਰੀਆਂ ‘ਚੋਂ ਕਿਸੇ ਨਾਲ ਬੀਮਾਰ ਹੋਣ ਨਾਲੋਂ ਇਹ ਕਿਤੇ ਸੁਰੱਖਿਅਤ ਹੈ ਵੈਕਸੀਨ ਲਗਵਾ ਲੈਣਾ।

ਵੈਕਸੀਨ ਦੇ ਆਮ ਰੀਐਕਸ਼ਨਾਂ ‘ਚ ਸ਼ਾਮਲ ਹੋ ਸਕਦਾ ਹੈ, ਜਿਸ ਥਾਂ ਲੋਦਾ ਲੱਗਿਆ ਹੋਵੇ ਉਥੋਂ ਦੁਖਣਾ, ਲਾਲ ਹੋਣਾ ਅਤੇ ਸੋਜ ਪੈਣਾ। ਕੁਝ ਕੁ ਨੂੰ ਬੁਖਾਰ ਹੋ ਸਕਦਾ ਹੈ ਜਾਂ ਉਹ ਨਿਰਬਲਤਾ, ਨਿੰਦਰਾਇਆਪਣ ਜਾਂ ਭੁੱਖ ਨਾ ਲੱਗਣਾ ਮਹਿਸੂਸ ਕਰ ਸਕਦੇ ਹਨ। ਇਹ ਰੀਐਕਸ਼ਨਾਂ ਹਲਕੀਆਂ ਅਤੇ ਆਮ ਕਰਕੇ 1 ਤੋਂ 2 ਦਿਨ ਤੱਕ ਰਹਿੰਦੀਆਂ ਹਨ।

Acetaminophen ਜਾਂ Tylenol® ਬੁਖਾਰ ਲਈ ਅਤੇ ਦੁਖਣ ਤੋਂ ਦਿੱਤੀ ਜਾ ਸਕਦੀ ਹੈ। ASA ਜਾਂ Aspirin® ਰੇ ਸਿੰਡਰੋਮ ਦੇ ਖਤਰੇ ਕਾਰਨ 20 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਕੋਈ ਵੀ ਵੈਕਸੀਨ ਲੈਣ ਤੋਂ ਮਗਰੋਂ 15 ਮਿੰਟ ਕਲੀਨਿਕ ਵਿਚ ਰੁਕਣਾ ਮਹੱਤਵਪੂਰਨ ਹੈ ਕਿਉਂਕਿ ਭਾਵੇਂ ਬੇਹੱਦ ਹੀ ਘੱਟ, ਇਕ ਜਾਨ ਦੇ ਖਤਰੇ ਵਾਲੀ ਐਲਰਜੀ ਰੀਐਕਸ਼ਨ ਦੀ ਸੰਭਾਵਨਾ ਹੁੰਦੀ ਹੈ, ਜਿਸਨੂੰ ਐਨਾਫਾਇਲੈਕਸਿਸ ਕਿਹਾ ਜਾਂਦਾ ਹੈ। ਇਸ ਨਾਲ ਛਪਾਕੀ, ਸਾਹ ਲੈਣ ਵਿਚ ਤਕਲੀਫ ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਦੀ ਸੋਜ ਹੋ ਸਕਦੀ ਹੈ। ਜੇਕਰ ਇੰਜ ਤੁਹਾਡੇ ਕਲੀਨਿਕ ਵਿਚੋਂ ਨਿਕਲ ਆਉਣ ਤੋਂ ਮਗਰੋਂ ਹੁੰਦਾ ਹੈ ਤਾਂ 911 ਜਾਂ ਸਥਾਨਕ ਐਮਰਜੈਂਸੀ ਨੰਬਰ ’ਤੇ ਫੋਨ ਕਰੋ।

ਇਸ ਰੀਐਕਸ਼ਨ ਦਾ ਇਲਾਜ ਹੋ ਸਕਦਾ ਹੈ ਅਤੇ ਇਹ ਵੈਕਸੀਨ ਲੈਣ ਵਾਲੇ ਇਕ ਮਿਲੀਅਨ ਲੋਕਾਂ ਵਿਚੋਂ ਇਕ ਤੋਂ ਵੀ ਘੱਟ ਜਣੇ ਨੂੰ ਹੁੰਦਾ ਹੈ।

**ਗੰਭੀਰ ਜਾਂ ਅਚਨਚੇਤ ਰੀਐਕਸ਼ਨਾਂ ਦੀ ਰਿਪੋਰਟ ਆਪਣੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨੂੰ ਕਰੋ।**

## DTaP-IPV-Hib ਵੈਕਸੀਨ ਕਿਸ ਨੂੰ ਨਹੀਂ ਲਵਾਉਂਣਾ ਚਾਹੀਦਾ?

ਜੇਕਰ ਤੁਹਾਡੇ ਬੱਚੇ ਨੂੰ ਡਿਫਥੇਰੀਆ, ਪ੍ਰਟੂਸਿਸ, ਟੈਟਨਸ, ਪੋਲੀਓ ਜਾਂ Hib ਵੈਕਸੀਨ ਜਾਂ ਵੈਕਸੀਨ ਵਿਚਲੀ ਕਿਸੇ ਚੀਜ਼, ਸਮੇਤ ਨੀਓਮਾਈਸੀਨ ਜਾਂ ਪੌਲੀਮਾਈਕਸਿਨ ਬੀ ਦੀ ਕਿਸੇ ਪਹਿਲਾਂ ਦਿੱਤੀ ਖ਼ੁਰਾਕ ਨਾਲ ਜਾਨ ਦੇ ਖਤਰੇ ਵਾਲਾ ਰੀਐਕਸ਼ਨ ਹੋਇਆ ਹੋਵੇ ਤਾਂ ਕਿਸੇ ਪਬਲਿਕ ਹੈਲਥ ਨਰਸ ਜਾਂ ਡਾਕਟਰ ਨਾਲ ਗੱਲ ਕਰੋ। ਵੈਕਸੀਨ 5 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਨਹੀਂ ਲਗਾਇਆ ਜਾਂਦਾ।

ਜਿਨ੍ਹਾਂ ਲੋਕਾਂ 'ਚ ਟੈਟਨਸ ਵੈਕਸੀਨ ਲੈਣ ਤੋਂ 8 ਹਫਤਿਆਂ ਦੇ ਅੰਦਰ ਅੰਦਰ ਗੁਇਲੇਨ-ਬਾਰੀ ਸਿੰਡਰੋਮ (GBS) ਵਿਕਸਤ ਹੋ ਗਿਆ ਹੋਵੇ ਉਨ੍ਹਾਂ ਨੂੰ DTaP-IPV-Hib ਵੈਕਸੀਨ ਨਹੀਂ ਲਵਾਉਣਾ ਚਾਹੀਦਾ। GBS ਇਕ ਬਹੁਤ ਘੱਟ ਹੋਣ ਵਾਲੀ ਸਮੱਸਿਆ ਹੈ, ਜਿਸਦਾ ਨਤੀਜਾ ਕਮਜ਼ੋਰੀ ਅਤੇ ਸਰੀਰ ਦੇ ਤੰਤੂਆਂ ਦਾ ਲਕਵਾ ਹੋ ਸਕਦਾ ਹੈ।

## ਡਿਫਥੇਰੀਆ, ਪ੍ਰਟੂਸਿਸ, ਟੈਟਨਸ, ਪੋਲੀਓ ਅਤੇ *ਹਾਇਮੋਫਿਲਸ ਇਨਫਲੂਐਂਜ਼ਈ* ਟਾਈਪ ਬੀ ਕੀ ਹਨ?

**ਡਿਫਥੇਰੀਆ** ਨੱਕ ਅਤੇ ਗਲੇ ਦੀ ਇਕ ਗੰਭੀਰ ਇਨਫੈਕਸ਼ਨ ਹੈ। 10 ਲੋਕਾਂ 'ਚੋਂ ਜਿਨ੍ਹਾਂ ਨੂੰ ਡਿਫਥੇਰੀਆ ਹੁੰਦਾ ਹੈ, ਤਕਰੀਬਨ 1 ਮਰ ਜਾਵੇਗਾ। ਜਰਮ (ਬੈਕਟੀਰੀਆ) ਹਵਾ ਰਾਹੀਂ ਵਿਅੱਕਤੀ ਤੋਂ ਵਿਅੱਕਤੀ ਤੱਕ ਫੈਲਦਾ ਹੈ। ਬੀਮਾਰੀ ਦੇ ਨਤੀਜੇ ਵਜੋਂ ਸਾਹ ਦੀਆਂ ਬਹੁਤ ਗੰਭੀਰ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਨਾਲ ਦਿਲ ਫੇਲ ਵੀ ਹੋ ਸਕਦਾ ਹੈ ਅਤੇ ਲਕਵਾ ਵੀ ਹੋ ਸਕਦਾ ਹੈ।

**ਪ੍ਰਟੂਸਿਸ** ਜਾਂ 'ਕਾਲੀ ਖਾਂਸੀ' ਫੇਫੜਿਆਂ ਅਤੇ ਗਲੇ ਦੀ ਇਕ ਗੰਭੀਰ ਇਨਫੈਕਸ਼ਨ ਹੈ। 200 ਲੋਕਾਂ 'ਚੋਂ ਜਿੰਨ੍ਹਾਂ ਨੂੰ ਕਾਲੀ ਖਾਂਸੀ ਹੁੰਦੀ ਹੈ, ਤਕਰੀਬਨ 1 ਮਰ ਜਾਵੇਗਾ। ਪ੍ਰਟੂਸਿਸ ਕਾਰਨ ਨਮੂਨੀਆਂ, ਮਰੋੜੇ, ਦਿਮਾਗ ਦਾ ਨੁਕਸਾਨ ਜਾਂ ਮੌਤ ਹੋ ਸਕਦੀ ਹੈ। ਇਹ ਜਟਿਲਤਾਵਾਂ ਬਹੁਤਾ ਕਰਕੇ ਛੋਟੇ ਬਾਲਾਂ 'ਚ ਵੇਖਣ ਨੂੰ ਮਿਲਦੀਆਂ ਹਨ। ਜਰਮ (ਬੈਕਟੀਰੀਆ) ਖੰਘਣ, ਛਿੱਕਣ ਜਾਂ ਮੂੰਹੋਂ-ਮੂੰਹੀਂ ਨਿਕਟ ਸੰਪਰਕ ਦੁਆਰਾ ਸੌਖਿਆਂ ਹੀ ਫੈਲ ਜਾਂਦੇ ਹਨ। ਪ੍ਰਟੂਸਿਸ ਕਾਰਨ ਬਹੁਤ ਗੰਭੀਰ ਖੰਘ ਹੋ ਸਕਦੀ ਹੈ ਜਿਹੜੀ ਅਕਸਰ ਅਗਲੇ ਸਾਹ ਤੋਂ ਪਹਿਲਾਂ ਸੀਟੀ ਵਰਗੀ ਆਵਾਜ਼ ਨਾਲ ਖਤਮ ਹੁੰਦੀ ਹੈ। ਇਹ ਖੰਘ ਕਈ ਮਹੀਨਿਆਂ ਤੱਕ ਰਹਿ ਸਕਦੀ ਹੈ ਅਤੇ ਜ਼ਿਆਦਾਤਰ ਰਾਤ ਵੇਲੇ ਆਉਂਦੀ ਹੈ।

**ਟੈਟਨਸ**, ਜਿਸ ਨੂੰ 'ਲੌਕਜਾਅ' ਵੀ ਆਖਦੇ ਹਨ, ਇਕ ਜਰਮ (ਬੈਕਟੀਰੀਆ) ਕਾਰਨ ਹੁੰਦੀ ਹੈ ਜਿਹੜਾ ਬਹੁਤਾ ਕਰਕੇ ਮਿੱਟੀ 'ਚ ਪਾਇਆ ਜਾਂਦਾ ਹੈ। ਜਦੋਂ ਕੱਟੇ ਜਾਣ ਜਾਂ ਰਗੜ ਲੱਗਣ ਰਾਹੀਂ ਬੈਕਟੀਰੀਆ ਚਮੜੀ ਦੇ ਅੰਦਰ ਦਾਖਲ ਹੋ ਜਾਂਦੇ ਹਨ ਤਾਂ ਉਹ ਇਕ ਜ਼ਹਿਰ ਪੈਦਾ ਕਰਦੇ ਹਨ ਜਿਹੜੀ ਪੂਰੇ ਸਰੀਰ ਦੇ ਤੰਤੂਆਂ 'ਚ ਦਰਦਨਾਕ ਅਕੜਾਅ ਪੈਦਾ ਕਰ ਸਕਦੀ ਹੈ। ਇਹ ਬਹੁਤ ਗੰਭੀਰ ਹੈ, ਜੇਕਰ ਸਾਹ ਵਾਲੇ ਤੰਤੂ ਪ੍ਰਭਾਵਤ ਹੋ ਜਾਂਦੇ ਹਨ। 10 ਲੋਕਾਂ 'ਚੋਂ ਜਿੰਨ੍ਹਾਂ ਨੂੰ ਟੈਟਨਸ ਹੁੰਦੀ ਹੈ, 2 ਤੱਕ ਲੋਕ ਮਰ ਜਾਣਗੇ।

**ਪੋਲੀਓ** ਇਕ ਬੀਮਾਰੀ ਹੈ ਜੋ ਇਕ ਵਾਇਰਸ ਦੀ ਇਨਫੈਕਸ਼ਨ ਕਾਰਨ ਹੁੰਦੀ ਹੈ। ਜਦੋਂ ਕਿ ਕੁਝ ਪੋਲੀਓ ਇਨਫੈਕਸ਼ਨਾਂ ਕੋਈ ਰੋਗ-ਲੱਛਣ ਜ਼ਾਹਰ ਨਹੀਂ ਕਰਦੀਆਂ, ਕੁਝ ਹੋਰਾਂ ਦਾ ਨਤੀਜਾ ਬਾਹਵਾਂ ਜਾਂ ਲੱਤਾਂ ਦਾ ਲਕਵਾ ਜਾਂ ਇਥੋਂ ਤੱਕ ਕਿ ਮੌਤ ਵੀ, ਹੋ ਸਕਦਾ ਹੈ। ਪੋਲੀਓ ਕਿਸੇ ਇਨਫੈਕਸ਼ਨ ਗ੍ਰਸਤ ਵਿਅਕਤੀ ਦੇ ਮਲ-ਤਿਆਗ (ਟੱਟੀ) ਨਾਲ ਸੰਪਰਕ ਹੋਣ ਨਾਲ ਫੈਲ ਸਕਦੀ ਹੈ। ਇਹ ਟੱਟੀ ਨਾਲ ਪ੍ਰਦੂਸ਼ਤ ਹੋਇਆ ਭੋਜਨ ਖਾਣ ਜਾਂ ਪਾਣੀ ਪੀਣ ਨਾਲ ਵਾਪਰ ਸਕਦਾ ਹੈ।

***ਹਾਇਮੋਫਿਲਸ ਇਨਫਲੂਐਂਜ਼ਈ* ਟਾਈਪ ਬੀ** (Hib) ਇਕ ਜਰਮ (ਬੈਕਟੀਰੀਆ) ਹੈ ਜਿਹੜਾ ਬਹੁਤਾ ਕਰਕੇ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਬੀਮਾਰ ਕਰਦਾ ਹੈ। ਇਸ ਨਾਲ ਗੰਭੀਰ ਅਤੇ ਜਾਨ ਦੇ ਖਤਰੇ ਵਾਲੀਆਂ ਇਨਫੈਕਸ਼ਨਾਂ ਹੋ ਸਕਦੀਆਂ ਹਨ, ਜਿੰਨ੍ਹਾਂ 'ਚ ਸ਼ਾਮਲ ਹੈ ਮੈਨਿੰਜਾਈਟਿਸ, ਝਿੱਲੀ, ਜਿਹੜੀ ਦਿਮਾਗ ਨੂੰ ਢੱਕਦੀ ਹੈ ਉਸਦੀ ਇਨਫੈਕਸ਼ਨ, ਅਤੇ ਸੈਪਟੀਸੇਮੀਆ, ਖ਼ੂਨ ਦੀ ਇਕ ਇਨਫੈਕਸ਼ਨ। ਹਰੇਕ 20 ਬੱਚਿਆਂ ਵਿਚੋਂ, ਜੋ ਬੀਮਾਰ ਹੁੰਦੇ ਹਨ, ਇਕ ਮਰ ਜਾਵੇਗਾ। ਹਿੱਬ ਇਨਫੈਕਸ਼ਨ ਖੰਘਣ, ਛਿੱਕਣ ਜਾਂ ਮੂੰਹੋਂ ਮੂੰਹੀਂ ਸੰਪਰਕ ਦੁਆਰਾ ਫੈਲਦੀ ਹੈ।

ਇਹ ਚਾਰੇ ਬੀਮਾਰੀਆਂ ਬਚਪਨ ਵੇਲੇ ਦੇ ਬਾਕਾਇਦਾ ਵੈਕਸੀਨੇਸ਼ਨ ਪ੍ਰੋਗਰਾਮਾਂ ਕਾਰਨ ਬੀ.ਸੀ. 'ਚ ਹੁਣ ਬਹੁਤ ਘੱਟ ਹੁੰਦੀਆਂ ਹਨ।ਕਾਲੀ ਖਾਂਸੀ ਅਜੇ ਵੀ ਹੁੰਦੀ ਹੈ ਪਰ ਜਿੰਨੀ ਪਹਿਲਾਂ ਹੁੰਦੀ ਸੀ ਉਸ ਨਾਲੋਂ ਬਹੁਤ ਘੱਟ ਹੁੰਦੀ ਹੈ, ਅਤੇ ਟੀਕਾ ਲੱਗੇ ਲੋਕਾਂ 'ਚ ਬਹੁਤ ਹਲਕੀ ਹੁੰਦੀ ਹੈ।

**ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਲਈ ਵੇਖੋ www.bchealthguide.org/healthfiles/index.stm, ਜਾਂ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ 'ਚ ਜਾਉ।**

**ਕਿਸੇ ਰਜਿਸਟਰਡ ਨਰਸ ਨਾਲ ਗੱਲ ਕਰਨ ਲਈ, ਹਰ ਰੋਜ਼ 24-ਘੰਟੇ ਖੁੱਲੀ ਬੀ.ਸੀ. ਨਰਸਲਾਈਨ ਨੂੰ ਹੇਠ ਲਿਖੇ ਨੰਬਰਾਂ ਤੇ ਫੋਨ ਕਰੋ:**

- ਗ੍ਰੇਟਰ ਵੈਨਕੂਵਰ ਵਿਚ 604-215-4700 'ਤੇ ਫੋਨ ਕਰੋ
- ਬੀ.ਸੀ. ਵਿਚ ਟੋਲ-ਫਰੀ ਨੰਬਰ 1-866-215-4700 'ਤੇ ਫੋਨ ਕਰੋ
- ਬੋਲ਼ੇ ਅਤੇ ਘੱਟ ਸੁਣਨ ਵਾਲੇ ਵਿਅਕਤੀ 1-866-889-4700 'ਤੇ ਫੋਨ ਕਰਨ
- ਫਾਰਮਾਸਿਸਟ ਹਰ ਰੋਜ਼ ਸ਼ਾਮ ਦੇ 5 ਵਜੇ ਤੋਂ ਸਵੇਰ ਦੇ 9 ਵਜੇ ਤੱਕ ਉਪਲਬਧ
- ਬੇਨਤੀ ਕਰਨ 'ਤੇ ਤਰਜਮੇ ਦੀਆਂ ਸੇਵਾਵਾਂ 130 ਤੋਂ ਵੱਧ ਜ਼ੁਬਾਨਾਂ ਵਿਚ ਉਪਲਬਧ ਹਨ।

**www.bchealthguide.org 'ਤੇ ਬੀ.ਸੀ. ਹੈਲਥ ਗਾਈਡ ਆਨਲਾਈਨ ਵੇਖੋ – ਦੁਨੀਆ ਭਰ ਦੀ ਸਿਹਤ ਸਬੰਧੀ ਜਾਣਕਾਰੀ ਜਿਸ 'ਤੇ ਤੁਸੀਂ ਭਰੋਸਾ ਕਰ ਸਕਦੇ ਹੋ।**

BRITISH COLUMBIA
The Best Place on Earth
ImmunizeBC
BC Centre for Disease Control
AN AGENCY OF THE PROVINCIAL HEALTH SERVICES AUTHORITY